# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ
# ਮਿਤੀ **12.6.2020**
# ਦੀ ਕਾਰਵਾਈ

(ਮਤਾ ਨੰ:– **81-84**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 12.6.2020 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਦਿਪਰਵਾ ਲਾਕਰਾ, ਆਈ.ਏ.ਐਸ., ਕਮਿਸ਼ਨਰ, ............. ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ............. ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ .................. ਮੈਂਬਰ
5. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ............... ਮੈਂਬਰ
6. ਸ੍ਰੀ ਗਿਆਨ ਚੰਦ, ਕੌਂਸਲਰ ...................................... ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਮੇਅਰ
12.6.2020

**ਮਤਾ ਨੰਬਰ:- 81**

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 8.6.2020 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 8.6.2020 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ :

- ਮਿਤੀ 8.6.2020 ਨੂੰ ਸਟਰੀਟ ਲਾਈਟ ਦੇ ਪੁਰਾਣੇ ਠੇਕੇਦਾਰਾਂ ਪਾਸੋਂ 100% ਚਲਦੀ ਹਾਲੂ ਵਿੱਚ ਟੇਕ ਓਵਰ ਨਾ ਕਰਨ ਤੇ ਕਮਿਸ਼ਨਰ ਜੀ ਨੇ ਐਸ.ਈ.(ਲਾਈਟ) ਨੂੰ ਪੁੱਛਿਆ ਕਿ ਇਹਨਾਂ ਜ਼ੋਨਾਂ ਦਾ ਪਿਛਲਾ ਟੈਂਡਰ ਕਦ ਖ਼ਤਮ ਹੋਇਆ ਸੀ ਤਾਂ ਐਸ.ਈ.(ਲਾਈਟ) ਨੇ ਦੱਸਿਆ ਕਿ 31 ਜਨਵਰੀ, 2020 ਨੂੰ ਇਹ ਕੰਮ ਖਤਮ ਹੋ ਚੁੱਕੇ ਹਨ ਤਾਂ ਕਮਿਸ਼ਨਰ ਜੀ ਦੇ ਕਿਹਾ ਕਿ ਫਿਰ ਤਾਂ 1.2.2020 ਨੂੰ ਸਾਰੇ ਜ਼ੋਨਾਂ ਨੂੰ 100% ਨਗਰ ਨਿਗਮ ਨੇ ਚਾਲੂ ਹਾਲੁਤ ਵਿੱਚ ਟੇਕ ਓਵਰ ਕਿਓਂ ਨਹੀਂ ਕੀਤਾ। ਇਸ ਤੇ ਕਮਿਸ਼ਨਰ ਜੀ ਨੇ ਸੁਝਾਓ ਦਿੱਤਾ ਕਿ ਸਬੰਧਤ ਦੋਵੇਂ ਜੂਨੀਅਰ ਇੰਜੀਨਿਅਰਜ਼ ਦੇ ਵਿਰੁੱਧ ਸਰਕਾਰ ਨੂੰ ਚਾਰਜਸ਼ੀਟ ਬਨਾ ਕੇ ਭੇਜੀ ਜਾਵੇ ਜਿਸ ਤੇ ਕਮੇਟੀ ਨੇ ਸਹਿਮਤੀ ਪ੍ਰਗਟਾਈ ਸੀ । ਇਸ ਤੇ ਐਸ.ਈ. (ਲਾਈਟ) ਨੇ ਦੱਸਿਆ ਕਿ ਦੋਵੇਂ ਜੇ.ਈਜ਼ ਨੂੰ ਸ਼ੋ-ਕਾਜ਼ ਨੋਟਿਸ ਜਾਰੀ ਕੀਤੇ ਗਏ ਸਨ ਜਿਨ੍ਹਾਂ ਵਿੱਚ ਇੱਕ ਜੇ.ਈ. ਨੇ ਜਵਾਬ ਦੇ ਦਿੱਤਾ ਹੈ ਤੇ ਦੂਜੇ ਨੇ ਹਾਲੇ ਜਵਾਬ ਦੇਣਾ ਹੈ । ਮੇਅਰ ਜੀ ਨੇ ਐਸ.ਈ. (ਲਾਈਟ) ਨੂੰ ਇਸ ਬਾਰੇ ਕਮਿਸ਼ਨਰ ਜੀ ਨਾਲ ਗੱਲ ਕਰਨ ਦੇ ਆਦੇਸ਼ ਦਿੱਤੇ ।

- ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 29.5.2020 ਦੀ ਮੱਦ ਨੰ: 56(1) ਜਿਹੜੀ ਕਿ ਲੰਬਿਤ ਰੱਖੀ ਗਈ ਸੀ ਬਾਰੇ ਫੈਸਲਾ ਹੋਇਆ ਸੀ ਕਿ ਇਸ ਕੰਮ ਦਾ ਮੌਕਾ ਮੇਅਰ, ਸੀਨਿਅਰ ਡਿਪਟੀ ਮੇਅਰ ਅਤੇ ਡਿਪਟੀ ਸਬੰਧਤ ਐਸ.ਈ.(ਬੀ ਐਂਡ ਆਰ) ਨਾਲ ਦੇਖਣਗੇ ।ਮੈਂਬਰਾਂ ਵਲੋਂ ਮੌਕਾ ਦੇਖਣ ਉਪਰੰਤ ਸੁਝਾਓ ਦਿੱਤਾ ਕਿ ਸੜਕ ਦੇ ਦੋਵੇਂ ਪਾਸੇ 14-14 ਫੁੱਟ ਦੀ ਥਾਂ ਤੇ 6-6 ਫੁੱਟ ਤੇ ਹੀ ਟਾਈਲਾਂ ਦਾ ਕੰਮ ਕਰਵਾਇਆ ਜਾਵੇ ਜਿਸ ਉਪਰੰਤ ਇਸ ਤਰਮੀਮ ਨਾਲ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ।

- ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
12.6.2020

ਮਤਾ ਨੰਬਰ:- 82

ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਰੁਪਏ ਲੱਖਾਂ ਵਿੱਚ

| Sr. No. | W. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received | House Reso. & date |
|---|---|---|---|---|---|---|---|---|---|---|
| 1. | 15 | P/L PCC in Preet Nagar, Gali No. 4. | 29.84 | 29.54 | 21.86% | 23.08 | The Majhail Co. Op. LC Society | 1ST Time | 3 | 83(29) dt. 29.11.2019 |
| 2. | 77 | Const. of Interior streets of raj Nagar near Ramleela Ground | 30.89 | 29.28 | 17.17% | 24.25 | Jasbir Singh | 1ST Time | 4 | 99(94) dt. 25.6.2018 |
| 3. | 36 | Const of street near Baba buda mall park | 22.48 | 22.48 | 17.17% | 18.62 | Nirmal Singh | 1ST Time | 7 | 99(17) dt. 26.6.2018 |
| 4. | 21 & 23 | Const. of streets with interlocking tiles in Roop Nagar and Guru Diwan Nagar | 26.53 | 26.25 | 16.08% | 22.03 | The Satnam Co. Op. LC Society | 1ST Time | 5 | 100(40) dt. 29.11.2019 |
| 5. | 14 | P/L Tiles in streets of area Chuggiti in Ward No. 14 | 13.36 | 13.35 | 15.35% | 11.30 | Radhey Krishna | 1ST Time | 5 | 100(33) dt. 25.6.2018 |
| 6. | 24 | Const. of streets with interlocking tiles near Baba Jeewan Singh chowk. | 14.66 | 14.66 | 15.08% | 12.45 | The Satnam Co.Op. LC Society | 1ST Time | 4 | 142(44) dt. 24.12.2019 |
| 7. | 28 | Const. of streets with Interlocking Tiles in Mithapur | 22.04 | 22.04 | 15.08% | 18.72 | The Satnam Co. Op. LC Society | 1ST Time | 5 | 142(50) dt. 24.12.2019 |
| 8. | 31 | Const. and repair of streets in GTB Nagar near nursery | 18.95 | 18.95 | 14.08% | 16.28 | The Satnam Co. Op. LC Society | 1ST Time | 4 | 142(59) dt. 24.12. 2019 |
| 9. | 69 | Const. of CC street No. 8 of Kabir Nagar. | 24.08 | 24.08 | 13.99% | 20.71 | The Laxmi Co.Op. LC Society | 1ST Time | 4 | 83(61) dt. 29.11.2019 |
| 10. | 45 | Const. of CC streets in old Dusshera Ground | 33.11 | 33.11 | 12.96% | 28.82 | The Majhail Co.Op. LC Society | 1ST Time | 4 | 142(76) dt. 24.12.2019 |
| 11. | 16 | P/L ITiles 80 mm & 60 mm in Mohalla Bharat Nagar in Ward No. 16 | 38.04 | 37.11 | 12.60% | 32.43 | The Danishmanda Co.. Op. LC Society | 1ST Time | 3 | 100(42) dt. 25.6.2018 |
| 12. | 63 | Const. of CC street at Globe colony. | 6.90 | 6.90 | 12.11% | 6.06 | The Inderprast Co.Op. LC Society | 1ST Time | 4 | 142(108) dt. 24.12.2019 |
| 13. | 44 | Const. of CC streets near Post Office. | 18.00 | 15.63 | 10.68% | 13.96 | Vikas Gambhir | 1ST Time | 4 | 142(72) dt. 24.12.2019 |
| 14. | 67 | Const. of Cc streets in various parts of Harnam Dass Pura and Baba Banda Singh Bahadur Nagar. | 32.19 | 32.19 | 10.05% | 28.95 | Palwinder Singh | 1ST Time | 4 | 100(20) dt. 29.11.2019 |
| 15. | 22 | Repair of footpath and renovation of Baba Jeewan Singh Park | 5.58 | 5.58 | 9.08% | 5.07 | The Satnam Co.Op. LC Society | 1ST Time | 4 | 142(40) dt. 24.12.2019 |
| 16. | 29 | Const. of streets of Govt. Hospital Khurla Kingra with interlocking tiles | 1.73 | 1.73 | 8.65% | 1.58 | The Kundal Co.Op LC Society | 1ST Time | 5 | 142(58) dt. 24.12.2019 |

| | | | | | | | | | | |
|---|---|---|---|---|---|---|---|---|---|---|
| 17. | 74 | Const. of various streets New Raseela Nagar, Near Madan Lal Khinder Councillor factory. | 32.41 | 32.41 | 7.19% | 30.08 | The New Amar Co.op. LC Society | 1ST Time | 3 | 156(16) dt 18.10.2018 |
| 18. | 38 | Const of C.C streets near Shri Ganesh Collection | 5.67 | 5.67 | 7.13% | 5.27 | The New Amar Co. Op. LC Society | 1ST Time | 4 | 99(26) dt. 25.6.2018 |
| 19. | 12 | P/F interlocking tiles in Bhullar Enclave Dakoha. **(UEIP Grant)** | 29.09 | 29.09 | 6.88% | 27.09 | The Inderprast Co. Op. LC Society | 4th time | 2 | 81(Cl-16) dt. 29.11.2019 |
| 20. | 12 | Maintenance of streets and parks | 20.00 | 20.00 | 6.21% | 18.76 | The Moga Co.Op. LC Society | 1ST Time | 3 | 142(25) dt. 24.12.2019 |
| 21. | 52 | P/L of Cement Concrete in streets of Pipla wala chowk Kotwali Bazar. | 6.25 | 6.25 | 5.13% | 5.93 | Bakhshish Singh | 1ST Time | 3 | 143(1) dt. 24.12.2019 |
| 22. | 24 | Renovation of park in Labour colony. | 1.62 | 1.62 | 2.07% | 1.59 | The Laxmi Co. Op. LC Society | 1ST Time | 3 | 142(43) dt. 24.12.2019 |
| 23. | 24 | Repair & intersection and roundabouts and footpaths | 4.14 | 4.14 | 2.07% | 4.05 | The Laxmi Co.Op. LC Society | 1ST Time | 3 | 142(46) dt. 24.12.2019 |
| 24. | 44 | Construction of CC Street at Satra Mohalla Ward No. 44 | 5.40 | 5.40 | 2.01% | 5.29 | Parminder Singh | 1ST Time | 3 | 83(71) dt 29.11.2019 |
| 25. | 44 | Const. of CC streets at Mochi mohalla. | 2.68 | 2.68 | 2.01% | 2.63 | Parminder Singh | 1ST Time | 3 | 100(37) dt. 29.11.2019 |
| 26. | G | Repair & maintenance of Giani Lal Singh Memorial Park near DC Office complex and Congress Bhawan | 5.42 | 5.23 | 1.07% | 5.17 | Vikas Dhawan | 1st Time | 3 | |
| 27. | 13 | Renovation of Dr. B.R. Ambedkar Community Hall Ramamandi **(UEIP Grant)** | 4.35 | 4.35 | 1.22% | 4.30 | Hari Const. Company | 3rd Time | 1 | 81(C-18) dt. 29.11.2019 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

12.6.2020

**ਮਤਾ ਨੰਬਰ:- 83**

ਵਿਸ਼ਾ:- ਪੀ/ਐਲ ਆਫ ਸੀ.ਸੀ ਇਨ ਸਟਰੀਟਸ ਆਫ ਚਹਾਰ ਬਾਗ ਮੁੱਹਲਾ ਇਨ ਵਾਰਡ ਨੰ:51(ਸਾਈਟ ਬਦਲੀ ਬਾਰੇ)
ਕੰਮ ਦਾ ਤਖਮੀਨਾ ਰੁ:33,94,000/-

ਪੜਿਆ ਨੋਟ ਕਾਰਪੋਰੇਸ਼ਨ ਇੰਜੀਨਿਅਰ (ਬੀ.ਐਂਡ.ਆਰ) ਮਿਤੀ 16.3.2020 ਜਿਸ ਦੀ ਸ਼ਿਫਾਰਸ਼ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀ: ਬਰਾਂਚ ਵੱਲੋਂ ਤਿਆਰ ਕੀਤਾ ਗਿਆ।ਜਿਸ ਨੂੰ ਨਗਰ ਨਿਗਮ ਨੇ ਆਪਣੇ ਮਤਾ ਨੰ:100(75), ਮਿਤੀ:25-06-2018 ਰਾਹੀ ਪ੍ਰਵਾਨ ਕੀਤਾ।ਇਸ ਕੰਮ ਦੇ ਟੈਂਡਰ ਮਿਤੀ:11/02/2019 ਰਾਹੀ ਮੰਗੇ ਗਏ।ਸਭ ਤੋਂ ਘੱਟ ਰੇਟ ਦਾ ਟੈਂਡਰ ਮੈ:ਮੁਝੈਲ ਕੋ.ਅਪ.ਐਲ.ਸੀ ਸੋਸਾਇਟੀ, ਦਾ ਪਾਇਆ ਗਿਆ। ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਉਪਰੰਤ ਸੋਸਾਇਟੀ ਨੂੰ ਇਸ ਦਫਤਰ ਦੇ ਵਰਕ ਆਰਡਰ ਨੰ:ਸੀ.ਈ-51, ਮਿਤੀ:07/03/2019 ਰਾਹੀ ਅਲਾਟ ਕੀਤਾ ਗਿਆ ਅਤੇ ਕੰਮ ਮੁੰਕਮਲ ਕਰਨ ਲਈ ਠੇਕੇਦਾਰ ਨੂੰ 5 ਮਹੀਨੇ ਦਾ ਸਮਾਂ ਦਿੱਤਾ ਗਿਆ।

ਇੱਥੇ ਇਹ ਦੱਸਣ ਯੋਗ ਹੈ ਕਿ ਇਸ ਤਖਮੀਨੇ ਵਿੱਚ ਜਿਹੜੀਆਂ ਗਲੀਆਂ/ਸੜਕਾਂ ਲਈਆਂ ਗਈਆਂ ਸੀ ਇਹਨਾਂ ਗਲੀਆਂ/ਸੜਕਾਂ ਦਾ ਕੰਮ ਪੀ.ਆਈ.ਡੀ.ਬੀ ਦੀ ਗਰਾਂਟ ਵਿੱਚੋ ਕਰਵਾਇਆ ਜਾ ਰਿਹਾ ਹੈ।ਸ਼੍ਰੀ ਰਜਿੰਦਾਰ ਬੇਰੀ, ਐਮ.ਐਲ.ਏ ਸਾਹਿਬ ਵੱਲੋਂ ਮਿਤੀ:16/03/2020 ਰਾਹੀ ਲਿਖਤੀ ਰੂਪ ਵਿੱਚ ਲਿਖ ਕੇ ਦਿੱਤਾ ਗਿਆ ਹੈ ਕਿ ਚੌਹਾਰ ਬਾਗ ਮੁੱਹਲੇ ਦੀ ਜਗ੍ਹਾਂ ਰਿਆਜਪੁਰਾ ਮੁੱਹਲਾ ਵਾਰਡ ਨੰ:19 ਦੀਆਂ ਗਲੀਆਂ/ਸੜਕਾਂ ਦੀ ਹਾਲਤ ਕਾਫੀ ਖਸਤਾ ਹੈ, ਵਿੱਚ ਤਬਦੀਲ ਕੀਤਾ ਜਾਵੇ ਅਤੇ ਤਖਮੀਨੇ ਨੂੰ ਆਰ.ਐਮ.ਸੀ ਵਿੱਚ ਬਦਲਿਆ ਜਾਵੇ ਅਤੇ ਇਸ ਤਖਮੀਨੇ ਨੂੰ ਰਿਵਾਇਸ ਕੀਤਾ ਜਾਵੇ ਤਾਂ ਜ਼ੋ ਮੁੱਹਲਾ ਰਿਆਜਪੁਰਾ ਦੀਆਂ ਖਸਤਾ ਹਾਲਤ ਵਿੱਚ ਹਨ, ਗਲੀਆਂ/ਸੜਕਾਂ ਦਾ ਕੰਮ ਕਰਵਾਇਆ ਜਾ ਸਕੇ ਅਤੇ ਇਸ ਕੰਮ ਦੀ ਮਿਆਦ 3 ਮਹੀਨੇ ਵਧਾ ਦਿੱਤੀ ਜਾਵੇ।ਇਸ ਲਈ ਉਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਉਕਤ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਪ੍ਰਵਾਨਗੀ ਦਿੱਤੀ ਜਾਵੇ।ਜਿਸ ਤੇ ਕਮਿਸ਼ਨਰ ਜੀ ਨੇ ਮਿਤੀ 23.3.2020 ਰਾਹੀਂ ਡੀ.ਸੀ.ਐਫ.ਏ. ਤੋਂ ਟਿੱਪਣੀ ਲਈ ਲਿਖਿਆ । ਜਿਸ ਤੇ ਡੀ.ਸੀ.ਐਫ.ਏ.ਨੇ ਮਿਤੀ 4.6.2020 ਰਾਹੀਂ ਇਸ ਤਜਵੀਜ ਨੂੰ ਵਿੱਤ ਅਤੇ ਠੇਕਾ ਕਮੇਟੀ ਵਿਚ ਫੈਸਲਾ ਲੈਣ ਲਈ ਲਿਖਿਆ। ਕਮਿਸ਼ਨਰ ਜੀ ਨੇ ਮਿਤੀ 8.6.2020 ਰਾਹੀਂ ਲਿਖਿਆ ਹੈ The issue of changing of site has been discussed in detail in F& CC meeting dated 8.6.2020. The same may be technically wrong . Hence it be retendered.

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 9.6.2020 ਰਾਹੀਂ ਉਕਤ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਹਿਤ ਪੇਸ਼ ਹੈ ਜੀ ।

ਫੈਸਲਾ :

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜ਼ੋ ਸਾਈਟ ਬਦਲੀ ਕਰਨ ਦੇ ਅਧਿਕਾਰ ਹਾਊਸ ਵਲੋਂ ਵਿੱਤ ਅਤੇ ਠੇਕਾ ਕਮੇਟੀ ਨੂੰ ਦਿੱਤੇ ਹੋਏ ਹਨ ਇਸ ਲਈ ਇਸ ਕੰਮ ਦੀ ਸਾਈਟ ਬਦਲੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
12.6.2020

**ਮਤਾ ਨੰਬਰ:- 84**

ਵਿਸ਼ਾ:- ਰੀਵਾਇਡਿੰਗ ਐਂਡ ਰਿਪੇਅਰ ਆਫ 75 ਕੇ.ਵੀ.ਏ ਜਨਰੇਟਰ ਸੈਟ ਵਰਕਿੰਗ ਐਟ ਡਿਸਪੋਜਲ ਬਾਬਾ ਬਨਖੰਡੀ। ਜ਼ੋਨ ਨੰ: 4 ਬਸਤੀ ਸ਼ੇਖ। ਈ-ਟੈਂਡਰ ਪ੍ਰਵਾਨਗੀ ਹਿੱਤ

ਤਖਮੀਨਾ ਰੁਪਏ 1,27,114/- ਪ੍ਰਾਪਤ ਟੈਂਡਰ = 3 (ਪਹਿਲੀ ਬਾਰੀ) ਸੇਵਿੰਗ 15.51%
ਟੈਂਡਰ ਅਮਾਉਂਟ ਰੁਪਏ 1,07,398/-
ਅਜੰਸੀ ਦਾ ਨਾਮ:- ਮੈਸਰਜ਼ ਗੁਰਦੀਪ ਇਲੈਕਟ੍ਰਿਕਲ ਐਂਡ ਮਕੈਨੀਕਲ ਵਰਕਸ

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ) ਓ.ਐਂਡ ਐਮ. ਮਿਤੀ 3.3.2020 ਜਿਸ ਦੀ ਸ਼ਿਫਾਰਸ਼ ਨਿਗਰਾਨ ਇਜੀਂਨੀਅਰ (ਓ.ਐਂਡ ਐਮ.) ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਜ਼ੋਨ ਨੰ: 4 ਦੇ ਜੇ.ਈ/ਐਸ.ਡੀ.ਓ ਵੱਲੋਂ ਲਿਖਤੀ ਰਿਪੋਰਟ ਕੀਤੀ ਹੈ ਕਿ ਜ਼ੋਨ ਅਧੀਨ ਚੱਲ ਰਹੇ ਬਾਬਾ ਬਨਖੰਡੀ ਡਿਸਪੋਜਲ ਤੇ ਲਗੇ ਹੋਏ 75 ਕੇ.ਵੀ.ਏ ਜੈਨ ਸੈਟ ਵਿੱਚ ਖਰਾਬੀ ਆਉਣ ਤੇ ਇਲੈਕਟ੍ਰਿਕਲ ਪਾਸੋ ਚੈਕ ਕਰਵਾਇਆ ਗਿਆ। ਇਲੈਕਟ੍ਰਿਸ਼ਨ ਵੱਲੋਂ ਜੈਨ ਸੈਟ ਨੂੰ ਚੈਕ ਕਰਨ ਉਪਰੰਤ ਦਸਿਆ ਗਿਆ ਹੈ ਕਿ ਇਸ ਜੈਨ ਸੈਟ ਦਾ ਕਰੰਟ ਨਹੀ ਚੁਕ ਰਿਹਾ ਹੈ, ਜਿਸ ਕਾਰਨ ਇਸ ਦੀ ਰਿਪੇਅਰ ਅਤੇ ਰਿਵਾਇਡਿੰਗ ਦਾ ਕੰਮ ਕਰਾਉਣ ਦੀ ਜਰੂਰਤ ਹੈ। ਇਥੇ ਇਹ ਦਸਿਆ ਜਾਂਦਾ ਹੈ ਕਿ ਜੈਨ ਸੈਟ ਖਰਾਬ ਹੋਣ ਕਾਰਨ ਲਾਈਟ ਜਾਣ ਤੇ ਡਿਸਪੋਜਲ ਨੂੰ ਚਲਾਉਣ ਵਿੱਚ ਕਾਫੀ ਮੁਸ਼ਕਿਲ ਪੇਸ਼ ਆ ਰਹੀ ਹੈ ਕਿਉਕਿ ਇਸ ਡਿਸਪੋਜਲ ਰਾਹੀਂ ਨੀਵੇਂ ਇਲਾਕਿਆਂ ਵਿੱਚੋ ਬਰਸਾਤੀ ਪਾਣੀ ਦੀ ਨਿਕਾਸੀ ਕੀਤੀ ਜਾਂਦੀ ਹੈ। ਇਸ ਲਈ ਡਿਸਪੋਜਲ ਨੂੰ ਹੀ ਢੰਗ ਨਾਲ ਚਲਾਉਣ ਵਾਸਤੇ ਇਸ ਜੈਨ ਸੈਟ ਦੀ ਰਿਪੇਅਰ ਅਤੇ ਰਿਵਾਇਡਿੰਗ ਦਾ ਕੰਮ ਕਰਵਾਉਣ ਲਈ ਤਖਮੀਨਾ ਰੁਪਏ 1,27,114/- ਦਾ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 97(32) ਮਿਤੀ 29.11.19 ਰਾਹੀਂ ਦਿੱਤੀ ਸੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਮਿਤੀ 28.02.2020 ਲਈ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹੜੇ ਤਕਨੀਕੀ ਪੱਖੋ ਮਿਆਰ ਤੇ ਪੂਰੇ ਸਨ। ਇਸ ਲਈ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਮੈਸਰਜ਼ ਗੁਰਦੀਪ ਇਲੈਕਟ੍ਰਿਕਲ ਐਂਡ ਮਕੈਨੀਕਲ ਵਰਕਸ ਨੇ ਵਿਸ਼ੇ ਅਧੀਨ ਕੰਮ ਤਖਮੀਨਾ ਰੁਪਏ 1,27,114/- ਦੇ ਵਿਰੁੱਧ 15.51% ਦੀ ਸੇਵਿੰਗ ਨਾਲ ਰੁਪਏ 1,07,398/- ਵਿੱਚ ਕਰਨਾ ਹੈ।ਇਸ ਅਜੰਸੀ ਵੱਲੋਂ ਦਿੱਤੇ ਗਏ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ ਇਸ ਲਈ ਇਹ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ। ਕਮਿਸ਼ਨਰ ਜੀ ਨੇ ਮਿਤੀ 20.5.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁੱਕਮ ਮਿਤੀ 19-06-2020 ਰਾਂਹੀ ਟੈਂਡਰ ਵਿੱਤ ਤੇ ਠੇਕਾ ਕਮੇਟੀ ਵਿਚ ਵਿਚਾਰ ਵਟਾਂਦਰੇ/ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ :
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
12.6.2020